## ਮਾਡਲ ਟੈਸਟ ਪੇਪਰ (ਸਮਾਜਿਕ ਸਿੱਖਿਆ)
## ਸ਼੍ਰੇਣੀ 10ਵੀਂ

ਸਮਾਂ: 3 ਘੰਟੇ ਕੁੱਲ ਅੰਕ: 90

### ਭਾਗ-ੳ (ਭੂਗੋਲ)

ਅੰਕ=25

**ਪ੍ਰਸ਼ਨ 01**
**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ।**

I. ਭਾਰਤ ਦਾ ਕੁੱਲ ਭੂਗੋਲਿਕ ਖੇਤਰਫਲ ਕਿੰਨਾ ਹੈ? 1
II. ਸਾਡੇ ਦੇਸ਼ ਦੇ ਰਾਸ਼ਟਰੀ ਪੰਛੀ ਦਾ ਕੀ ਨਾਂ ਹੈ? 1
III. ਖਾਲੀ ਸਥਾਨ ਭਰੋ :
ਅਬਰਕ ਉਪਾਦਨ ਵਿੱਚ ਭਾਰਤ ਦਾ ਸੰਸਾਰ ਭਰ ਵਿੱਚ _____ ਸਥਾਨ ਹੈ?

ਭਾਰਤ ਵਿੱਚ ਪਹਿਲਾਂ ਰੇਲਮਾਰਗ _______ਈ. ਵਿੱਚ ਸ਼ੁਰੂ ਹੋਇਆ। 1
IV. ਸਹੀ ਵਿਕਲਪ ਚੁਣੋ :
ਐਲੂਮੀਨੀਅਮ ਦੀ ਕੱਚੀ ਧਾਤ ਦਾ ਨਾ ਕੀ ਹੈ? 1
**(ੳ)** ਲੋਹਾ **(ਅ)** ਚਾਂਦੀ **(ੲ)** ਬਾਕਸਾਈਟ **(ਸ)** ਮੈਂਗਨੀਜ਼
V. ਸਾਡੇ ਅਜੋਕੇ ਪੰਜਾਬ ਰਾਜ ਦਾ ਜਨਮ ਕਦੋਂ ਹੋਇਆ? 1
**(ੳ)** 1 ਨਵੰਬਰ 1966 **(ਅ)** 1 ਦਸੰਬਰ 1966 **(ੲ)** 1 ਜਨਵਰੀ 1967 **(ਸ)** 2 ਮਾਰਚ 1967

**ਪ੍ਰਸ਼ਨ 02**
**ਨੋਟ:- ਹੇਠ ਲਿਖੇ ਕੋਈ ਤਿੰਨ ਪ੍ਰਸ਼ਨਾਂ ਦਾ ਉੱਤਰ 30-50 ਸ਼ਬਦਾਂ ਵਿੱਚ ਦਿਓ।**
I. ਗੋਦਾਵਰੀ ਨੂੰ ਦੱਖਣ ਦੀ ਬੁੱਢੀ ਗੰਗਾ ਕਿਉਂ ਕਹਿੰਦੇ ਹਨ? 3
II. ਭਾਰਤ ਵਿੱਚ ਲਿੰਗ ਅਨੁਪਾਤ ਘੱਟ ਹੋਣ ਦੇ ਕੀ ਕਾਰਨ ਹਨ? 3
III. ਜੰਗਲਾਂ ਦੇ ਮੁੱਖ ਲਾਭ ਕੀ ਹਨ? 3
IV. ਭਾਰਤ ਦੇ ਤੱਟਵਰਤੀ ਮੈਦਾਨਾਂ ਦੀ ਮਹੱਤਤਾ ਦਾ ਸੰਖੇਪ ਵਰਣਨ ਕਰੋ? 3
V. ਰਾਜਸਥਾਨ ਅਰਬ ਸਾਗਰ ਦੇ ਨੇੜੇ ਹੋਣ ਕਾਰਨ ਵੀ ਖੁਸ਼ਕ ਕਿਉਂ ਰਹਿੰਦਾ ਹੈ? 3

**ਪ੍ਰਸ਼ਨ 03**
**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 100-120 ਸ਼ਬਦਾਂ ਵਿੱਚ ਦਿਓ।**
I. ਵੱਡੇ ਸ਼ਹਿਰਾਂ ਵਿੱਚ ਤੇਜ਼ੀ ਨਾਲ ਆਬਾਦੀ ਵਧਣ ਕਰਕੇ ਕਿਹੜੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ? 5

**ਜਾਂ**

ਦੇਸ਼ ਵਿੱਚ ਹੜ੍ਹ ਆਉਣ ਦੇ ਕੀ ਕਾਰਨ ਹਨ? ਇਹਨਾਂ ਦੀ ਰੋਕਥਾਮ ਲਈ ਸੁਝਾਅ ਦਿਓ? 5

**ਪ੍ਰਸ਼ਨ 04**
I. **ਭਾਰਤ ਦੇ ਨਕਸ਼ੇ ਵਿੱਚ ਦਰਸਾਓ**:
**a)** ਕਾਲੀ ਮਿੱਟੀ ਦਾ ਖੇਤਰ
**b)** ਗੁਜਰਾਤ
**c)** ਅਰਾਵਲੀ ਪਰਬਤ
**d)** ਕੋਲਾ ਉਤਪਾਦਨ ਖੇਤਰ
**e)** ਚੰਡੀਗੜ੍ਹ 5

### ਭਾਗ-ਅ (ਅਰਥ ਸ਼ਾਸ਼ਤਰ)

ਕੁੱਲ ਅੰਕ 20

**ਪ੍ਰਸ਼ਨ 05**
**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ।**
I. ਹਰੀ ਕ੍ਰਾਂਤੀ ਦਾ ਕੀ ਅਰਥ ਹੈ? 1
II. ਵਿਦੇਸ਼ੀ ਵਪਾਰ ਤੋਂ ਕੀ ਭਾਵ ਹੈ? 1
III. ਖਾਲੀ ਸਥਾਨ ਭਰੋ :
ਭਾਰਤ ਦੇ ਕੇਂਦਰੀ ਬੈਂਕ ਦਾ ਨਾ ________ ਹੈ। 1
ਯੋਜਨਾ ਆਯੋਗ ਦਾ ਪ੍ਰਧਾਨ __________ ਹੁੰਦਾ ਹੈ। 1

**ਸਹੀ ਵਿਕਲਪ ਚੁਣੋ :**

IV. ਛੁਪੀ ਹੋਈ ਬੇਰੁਜ਼ਗਾਰੀ ਤੋਂ ਕੀ ਭਾਵ ਹੈ? ਉਦਾਹਰਣ ਸਹਿਤ ਸਪਸ਼ਟ ਕਰੋ। 1
**(ੳ)** ਰਾਸ਼ਟਰੀ ਆਮਦਨ **(ਅ)** ਨਿੱਜੀ ਆਮਦਨ **(ੲ)** ਵਿਅਕਤੀ ਦੀ ਆਮਦਨ **(ਸ)** ਔਸਤ ਆਮਦਨ

V. ਹੇਠ ਲਿਖਿਆ ਵਿੱਚੋਂ ਪ੍ਰਤੱਖ ਕਰ ਕਿਹੜਾ ਹੈ: 1
**(ੳ)** ਵਿਕਰੀ ਕਰ **(ਅ)** ਉਤਪਾਦਨ ਕਰ **(ੲ)** ਆਮਦਨ ਕਰ **(ਸ)** ਮੰਨੋਰਜਨ ਕਰ

ਪ੍ਰਸ਼ਨ 06

**ਨੋਟ:- ਹੇਠ ਲਿਖੇ ਕੋਈ ਤਿੰਨ ਪ੍ਰਸ਼ਨਾਂ ਦਾ ਉੱਤਰ 30-50 ਸ਼ਬਦਾਂ ਵਿੱਚ ਦਿਓ।**

I. ਰਾਸ਼ਟਰੀ ਆਮਦਨ ਅਤੇ ਘਰੇਲੂ ਆਮਦਨ ਵਿੱਚ ਕੀ ਅੰਤਰ ਹੈ? 3
II. ਕੁਟੀਰ ਉਦਯੋਗਾਂ ਦੇ ਕੋਈ ਤਿੰਨ ਲਾਭ ਲਿਖੋ? 3
III. ਭਾਰਤ ਵਿੱਚ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੇ ਯੋਗਦਾਨ ਬਾਰੇ ਸੰਖੇਪ ਨੋਟ ਲਿਖੋ? 3
IV. ਆਰਥਿਕ ਨਿਯੋਜਨ ਤੋਂ ਕੀ ਭਾਵ ਹੈ? 3
V. ਪ੍ਰਤੀ ਵਿਅਕਤੀ ਆਮਦਨ ਦਾ ਅਨੁਮਾਨ ਕਿਸ ਤਰ੍ਹਾਂ ਲਗਾਇਆ ਜਾ ਸਕਦਾ ਹੈ? 3

ਪ੍ਰਸ਼ਨ 07

**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 100-120 ਸ਼ਬਦਾਂ ਵਿੱਚ ਦਿਓ।**

I. ਭਾਰਤੀ ਖੇਤੀ ਦੀਆਂ ਮੁੱਖ ਸਮੱਸਿਆਵਾਂ ਦਾ ਵਰਨਣ ਕਰੋ? 5

ਜਾਂ

ਭਾਰਤ ਵਿੱਚ ਧੀਮੀ ਉਦਯੋਗਿਕ ਗਤੀ ਦੇ ਕੀ ਕਾਰਨ ਹਨ? 5

9/10/17

**ਭਾਗ ੲ (ਇਤਿਹਾਸ)** **ਕੁੱਲ ਅੰਕ :25**

ਪ੍ਰਸ਼ਨ 08

**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ।**

I. ਪੰਜਾਬ ਸ਼ਬਦ ਤੋਂ ਕੀ ਭਾਵ ਹੈ? 1
II. ਦਸਵੰਧ ਤੋਂ ਕੀ ਭਾਵ ਹੈ? 1
III. ਮੁਕਤਸਰ ਦਾ ਪੁਰਾਣਾ ਨਾਂ ________ ਸੀ। 1
IV. ਦੋ ਦਰਿਆਵਾਂ ਦੇ ਵਿਚਕਾਰਲੇ ਭਾਗ ਨੂੰ ________ ਕਿੰਹਦੇ ਹਨ? 1
V. ਗੁਰੂ ਨਾਨਕ ਦੇਵ ਜੀ ਦੀ ਸੁਪਤਨੀ ਕਿਥੋਂ ਦੀ ਰਹਿਣ ਵਾਲੀ ਸੀ? 1
**(ੳ)** ਅੰਮ੍ਰਿਤਸਰ ਦੀ **(ਅ)** ਬਟਾਲਾ ਦੀ **(ੲ)** ਬਠਿੰਡਾ ਦੀ **(ਸ)** ਕੀਰਤਪੁਰ ਦੀ
VI. ਬੰਦਾ ਸਿੰਘ ਬਹਾਦਰ ਅਤੇ ਵਜ਼ੀਰ ਖਾਂ ਦਾ ਯੁੱਧ ਕਿਸ ਸਥਾਨ ਤੇ ਹੋਇਆ? 1
**(ੳ)** ਚੱਪੜਚਿੜੀ **(ਅ)** ਘੜਾਮ **(ੲ)** ਸਢੌਰਾ **(ਸ)** ਸਮਾਨਾ

ਪ੍ਰਸ਼ਨ 09

**ਨੋਟ:- ਹੇਠ ਲਿਖੇ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਦਿਓ।**

I. ਅਦਿ ਗ੍ਰੰਥ ਸਾਹਿਬ ਦੇ ਸੰਕਲਨ ਤੇ ਇੱਕ ਸੰਖੇਪ ਨੋਟ ਲਿਖੋ। 3
II. ਅਕਾਲ ਤਖਤ ਬਾਰੇ ਤੁਸੀਂ ਕੀ ਜਾਣਦੇ ਹੋ? 3
III. ਸੱਚੇ ਸੌਦੇ ਦੀ ਘਟਨਾ ਦਾ ਹਾਲ ਲਿਖੋ? 3
IV. ਕਾਮਾਗਾਟਾਮਾਰੂ ਘਟਨਾ ਤੇ ਨੋਟ ਲਿਖੋ? 3
V. ਮਹਾਰਾਜਾ ਦਲੀਪ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ? 3

ਪ੍ਰਸ਼ਨ 10

**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 100-120 ਸ਼ਬਦਾਂ ਵਿੱਚ ਦਿਓ।** 5

I. ਖਾਲਸਾ ਪੰਥ ਦੇ ਸਿਧਾਤਾਂ ਦਾ ਵਰਨਣ ਕਰੋ।

**ਜਾਂ**

ਜਲ੍ਹਿਆਂਵਾਲਾ ਬਾਗ ਦੀ ਦੁਰਘਟਨਾ ਦਾ ਵਰਨਣ ਕਰੋ। 5

**ਪ੍ਰਸ਼ਨ 11**

**ਪੰਜਾਬ (1947 ਤੋਂ ਪਹਿਲਾਂ) ਦੇ ਨਕਸ਼ੇ ਵਿੱਚ ਭਰੋ?**

I. ਅੰਮ੍ਰਿਤਸਰ
II. ਮੁਲਤਾਨ
III. ਸਮਾਣਾ
IV. ਚਮਕੌਰ ਸਾਹਿਬ
V. ਮੁਦਕੀ — 5

**ਭਾਗ- ਸ (ਨਾਗਰਿਕ ਸ਼ਾਸ਼ਤਰ)** **ਕੁੱਲ ਅੰਕ:-20**

**ਪ੍ਰਸ਼ਨ 12**

**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ।**

I. ਪ੍ਰਧਾਨ ਮੰਤਰੀ ਦੀ ਨਿਯੁਕਤੀ ਕੌਣ ਕਰਦਾ ਹੈ ? — 1
II. ਲੋਕ ਸਭਾ ਦਾ ਮੈਂਬਰ ਬਨਣ ਲਈ ਘੱਟੋ ਘੱਟ ਉਮਰ ______ ਹੋਣੀ ਚਾਹੀਦੀ ਹੈ। — 1
III. ਸੰਯੁਕਤ ਰਾਸ਼ਟਰ ਸੰਘ ਦਾ ਜਨਮ ________ਈ. ਵਿੱਚ ਹੋਇਆ? — 1
IV. ਭਾਰਤੀ ਸੰਵਿਧਾਨ ਕਦੋਂ ਲਾਗੂ ਹੋਇਆ ਸੀ? — 1
(ੳ) 26 ਫਰਵਰੀ 1947 (ਅ) 2 ਦਸੰਬਰ 1949 (ੲ) 26 ਜਨਵਰੀ 1950 (ਸ) 26 ਜਨਵਰੀ 1975
V. ਲੋਕ ਮੱਤ ਦੇ ਨਿਰਮਾਣ ਅਤੇ ਪ੍ਰਗਟਾਵੇ ਦਾ ਕੋਈ ਇੱਕ ਸਾਧਨ ਲਿਖੋ? — 1
VI. ਭਾਰਤ ਦੀ ਸਭ ਤੋਂ ਵੱਡੀ ਅਦਾਲਤ ਦਾ ਕੀ ਨਾਂ ਹੈ? — 1
(ੳ) ਹਾਈ ਕੋਰਟ (ਅ) ਸੁਪਰੀਮ ਕੋਰਟ (ੲ) ਲੋਕ ਅਦਾਲਤ (ਸ) ਜਿਲ੍ਹਾ ਕੋਰਟ

**ਪ੍ਰਸ਼ਨ 13**

**ਨੋਟ:- ਹੇਠ ਲਿਖਿਆ ਵਿੱਚੋਂ ਕੋਈ ਤਿੰਨ ਪ੍ਰਸ਼ਨਾਂ ਦਾ ਉੱਤਰ 30-50 ਸ਼ਬਦਾਂ ਵਿੱਚ ਦਿਓ**

I. ਸੰਸਦ ਦੀਆਂ ਕੋਈ ਤਿੰਨ ਸ਼ਕਤੀਆਂ ਦਾ ਵਰਨਣ ਕਰੋ? — 3
II. ਭਾਰਤ ਦੀ ਗੁੱਟ ਨਿਰਲੇਪਤਾ ਨੀਤੀ ਤੇ ਸੰਖੇਪ ਨੋਟ ਲਿਖੋ? — 3
III. ਭਾਰਤ ਵਿੱਚ ਧਰਮ ਨਿਰਪੱਖਤਾ ਤੇ ਸੰਖੇਪ ਨੋਟ ਲਿਖੋ? — 3
IV. ਵਿਰੋਧੀ ਦਲ ਦੀ ਭੂਮਿਕਾ ਤੇ ਨੋਟ ਲਿਖੋ ? — 3
V. ਭਾਰਤੀ ਸੰਵਿਧਾਨ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੱਸੋ? — 3

**ਪ੍ਰਸ਼ਨ 14**

**ਨੋਟ:- ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 100-120 ਸ਼ਬਦਾਂ ਵਿੱਚ ਦਿਓ।**

ਭਾਰਤ ਵਿੱਚ ਚੋਣ ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ? — 5

**ਜਾਂ**

ਸੰਸਦ ਵਿੱਚ ਬਿਲ ਕਾਨੂੰਨ ਕਿਵੇਂ ਬਣਦਾ ਹੈ? ਵਿਆਖਿਆ ਕਰੋ। — 5